# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20**

**ਮਿਤੀ : 09-08-2025**

- ਏਅਰ ਚੀਫ਼ ਮਾਰਸ਼ਲ A. P SINGH ਦਾ ਕਹਿਣਾ ਏ ਕਿ ਆਪ੍ਰੇਸ਼ਨ ਸਿੰਦੂਰ ਦੌਰਾਨ ਭਾਰਤ ਨੇ ਪੰਜ ਪਾਕਿਸਤਾਨੀ ਜੰਗੀ ਹਵਾਈ ਜਹਾਜ਼ਾਂ ਨੂੰ ਢੇਰ ਕਰ ਦਿੱਤਾ ਸੀ.
- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੱਜ ਕਾਕੋਰੀ ਘਟਨਾ ਦੇ ਕ੍ਰਾਂਤੀਕਾਰੀਆਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਏ।
- ਪ੍ਰਧਾਨ ਮੰਤਰੀ ਭਲਕੇ 10 ਅਗਸਤ ਨੂੰ ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ – ਅੰਮ੍ਰਿਤਸਰ ਵੰਦੇ ਭਾਰਤ EXPRESS ਸਮੇਤ ਤਿੰਨ ਵੰਦੇ ਭਾਰਤ ਰੇਲਗੱਡੀਆਂ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕਰਨਗੇ.
- ਪੰਜਾਬ, ਅੰਤਰਰਾਸ਼ਟਰੀ ਸਰਹੱਦ 'ਤੇ ਐਂਟੀ-ਡਰੋਨ ਪ੍ਰਣਾਲੀ 'ਬਾਜ਼ ਅੱਖ' ਤਾਇਨਾਤ ਕਰਨ ਵਾਲਾ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਏ.
- ਭੈਣ-ਭਰਾ ਦੇ ਪਿਆਰ ਨੂੰ ਦਰਸਾਉਂਦਾ ਰੱਖੜੀ ਦਾ ਤਿਉਹਾਰ ਅੱਜ ਦੇਸ਼ ਭਰ ਵਿੱਚ ਬੇਹਦ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਏ।

ਪੰਜਾਬ ‘ਚ ਖਾਸ ਤੌਰ ‘ਤੇ ਸਰਹੱਦ ‘ਤੇ ਤਾਇਨਾਤ BSF ਜਵਾਨਾਂ ਨਾਲ ਰਖੜੀ ਮਨਾਈ ਗਈ.

**ਹੁਣ ਖ਼ਬਰਾਂ  ਵਿਸਥਾਰ ਨਾਲ**

----------------------------------------------------------------

ਹਵਾਈ ਫੌਜ ਦੇ ਮੁਖੀ ਏਅਰ ਚੀਫ ਮਾਰਸ਼ਲ A P SINGH ਨੇ ਕਿਹਾ ਏ ਕਿ ਭਾਰਤ ਨੇ ਆਪ੍ਰੇਸ਼ਨ ਸਿੰਦੂਰ ਦੌਰਾਨ ਪੰਜ ਪਾਕਿਸਤਾਨੀ ਜੰਗੀ ਹਵਾਈ ਜਹਾਜ਼ਾਂ ਨੂੰ ਢੇਰ ਕਰ ਦਿੱਤਾ ਸੀ । ਅੱਜ ਬੰਗਲੁਰੂ ਵਿੱਚ ਹੋਏ 16ਵੇਂ ਏਅਰ ਚੀਫ ਮਾਰਸ਼ਲ L M Katre  ਲੈਕਚਰ ਨੂੰ ਸੰਬੋਧਨ ਕਰਦਿਆਂ ਹਵਾਈ ਫੌਜ ਦੇ ਮੁਖੀ ਨੇ ਕਿਹਾ ਕਿ ਭਾਰਤ ਨੇ ਪਾਕਿਸਤਾਨੀ ਹਵਾਈ ਫੌਜ ਦੇ ਪੰਜ ਜਹਾਜ਼ਾਂ ਅਤੇ ਇੱਕ AWACS ਜਹਾਜ਼ ਨੂੰ ਢੇਰ ਕਰ ਦਿੱਤਾ ਸੀ - BYTE –

ਉਨ੍ਹਾਂ ਸ਼ਾਹਬਾਜ਼ ਜੈਕਬਾਬਾਦ ਏਅਰਬੇਸ 'ਤੇ ਹੋਏ ਹਮਲਿਆਂ ਦਾ ਵੀ ਜ਼ਿਕਰ ਕੀਤਾ, ਜਿਸ ਵਿੱਚ ਭਾਰਤੀ ਮਿਜ਼ਾਈਲਾਂ ਨੇ F-16 ਵਰਗੇ ਕੁਝ ਹਵਾਈ ਜਹਾਜ਼ਾਂ ਨੂੰ ਤਬਾਹ ਕਰ ਦਿੱਤਾ ਸੀ । ਹਵਾਈ ਫੌਜ ਮੁਖੀ ਨੇ ਕਿਹਾ ਕਿ ਭਾਰਤੀ ਹਮਲੇ ਚੰਗੀ ਤਰ੍ਹਾਂ ਸੋਚ-ਸਮਝ ਕੇ ਕੀਤੇ ਗਏ ਸਨ ਅਤੇ ਤਿੰਨਾਂ ਫੌਜਾਂ ਵਿਚਕਾਰ ਪੂਰਾ ਤਾਲਮੇਲ ਸੀ। ਓਹਨਾਂ ਕਿਹਾ ਕਿ ਸਾਡੀਆਂ ਹਵਾਈ ਰੱਖਿਆ ਪ੍ਰਣਾਲੀਆਂ ਨੇ ਵਧੀਆ ਕੰਮ ਕੀਤਾ ਏ ।

--------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੱਜ ਕਾਕੋਰੀ ਘਟਨਾ ਦੇ ਕ੍ਰਾਂਤੀਕਾਰੀਆਂ ਨੂੰ ਸ਼ਰਧਾਂਜਲੀ ਭੇਂਟ ਕੀਤੀ । ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਸ਼੍ਰੀ ਮੋਦੀ ਨੇ ਕਿਹਾ, ਅੱਜ ਦੇ ਦਿਨ, ਸੌ ਸਾਲ ਪਹਿਲਾਂ, ਕਾਕੋਰੀ ਵਿਖੇ ਦੇਸ਼ ਭਗਤ ਭਾਰਤੀਆਂ ਵਲੋਂ ਦਿਖਾਈ ਗਈ ਹਿੰਮਤ ਨੇ ਬਸਤੀਵਾਦੀ ਸ਼ਾਸਨ ਵਿਰੁੱਧ ਲੋਕਾਂ ਵਿੱਚ ਰੋਸ ਨੂੰ ਉਜਾਗਰ ਕੀਤਾ। ਉਨ੍ਹਾਂ ਕਿਹਾ ਕਿ ਉਹ ਇਸ ਗੱਲ ਤੋਂ ਨਾਰਾਜ਼ ਸਨ ਕਿ ਲੋਕਾਂ ਦੇ ਪੈਸੇ ਦੀ ਵਰਤੋਂ ਬਸਤੀਵਾਦੀ ਸ਼ੋਸ਼ਣ ਨੂੰ ਅੱਗੇ ਵਧਾਉਣ ਲਈ ਕਿਵੇਂ ਕੀਤੀ ਜਾ ਰਹੀ ਸੀ। ਪ੍ਰਧਾਨ ਮੰਤਰੀ ਨੇ ਕਿਹਾ, ਉਨ੍ਹਾਂ ਦੀ ਬਹਾਦਰੀ ਨੂੰ ਭਾਰਤ ਦੇ ਲੋਕ ਹਮੇਸ਼ਾ ਯਾਦ ਰੱਖਣਗੇ। ਉਨ੍ਹਾਂ ਕਿਹਾ, ਸਰਕਾਰ ਇੱਕ ਮਜ਼ਬੂਤ ਅਤੇ ਖੁਸ਼ਹਾਲ ਭਾਰਤ ਲਈ ਉਨ੍ਹਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਕੰਮ ਕਰਦੀ ਰਹੇਗੀ। 1925 'ਚ ਇਸੇ ਦਿਨ ਭਾਰਤੀ ਆਜ਼ਾਦੀ ਅੰਦੋਲਨ ਦੀ ਸਭ ਤੋਂ ਮਹੱਤਵਪੂਰਨ ਘਟਨਾ ਕਾਕੋਰੀ ਰੇਲਵੇ ਸਟੇਸ਼ਨ ਦੇ ਨੇੜੇ ਵਾਪਰੀ ਸੀ ਜਦੋਂ ਹਿੰਦੁਸਤਾਨ ਰਿਪਬਲਿਕਨ ਐਸੋਸੀਏਸ਼ਨ (HRA) ਦੇ ਕ੍ਰਾਂਤੀਕਾਰੀਆਂ ਨੇ ਕਾਕੋਰੀ ਨੇੜੇ ਨੰਬਰ 8 ਡਾਊਨ ਟ੍ਰੇਨ ਨੂੰ ਰੋਕਿਆ ਅਤੇ

ਬਰਤਾਨਵੀ ਸਰਕਾਰ ਦੇ ਖਜ਼ਾਨੇ ਨਾਲ ਸਬੰਧਤ ਗਾਰਡ ਕੈਬਿਨ ਵਿੱਚੋਂ ਪੈਸੇ ਲੁੱਟ ਲਏ ਸਨ.

---------------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਭਲਕੇ 10 ਅਗਸਤ ਨੂੰ ਸ੍ਰੀ ਮਾਤਾ ਵੈਸ਼ਨੋ ਦੇਵੀ ਕਟੜਾ – ਅੰਮ੍ਰਿਤਸਰ ਵੰਦੇ ਭਾਰਤ EXPRESS ਸਮੇਤ ਤਿੰਨ ਵੰਦੇ ਭਾਰਤ ਰੇਲਗੱਡੀਆਂ KSR ਬੇਂਗਲੁਰੂ – ਬੇਲਗਾਵੀ ਵੰਦੇ ਭਾਰਤ EXPRESS ਅਤੇ ਨਾਗਪੁਰ ( ਅਜਨੀ ) – ਪੁਣੇ ਵੰਦੇ ਭਾਰਤ EXPRESS ਰੇਲਗੱਡੀ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕਰਨਗੇ. ਇਸ ਨਾਲ ਹੁਣ ਪੰਜਾਬ ਤੇ ਜੰਮੂ – ਕਸ਼ਮੀਰ 'ਚ ਕੁਲ 5 ਵੰਦੇ ਭਾਰਤ ਰੇਲਗੱਡੀਆਂ ਉਪਲਬਧ ਹੋਣਗੀਆਂ. ਇਸ ਨਾਲ ਪੰਜਾਬ ਅਤੇ ਜੰਮੂ – ਕਸ਼ਮੀਰ 'ਚ ਸੈਰ ਸਪਾਟੇ ਅਤੇ ਆਰਥਿਕ ਗਤੀਵਿਧੀਆਂ'ਚ ਤੇਜ਼ੀ ਆਏਗੀ. ਸ੍ਰੀ ਮਾਤਾ ਵੈਸ਼ਨੋ ਦੇਵੀ ਕਟੜਾ – ਅੰਮ੍ਰਿਤਸਰ ਵੰਦੇ ਭਾਰਤ EXPRESS ਰੇਲਗੱਡੀ – ਜੰਮੂ – ਤਵੀ , ਪਠਾਨਕੋਟ ਕੈਂਟ, ਜਲੰਧਰ ਸ਼ਹਿਰ ਅਤੇ ਬਿਆਸ 'ਤੇ ਰੁਕੇਗੀ . ਦੇਸ਼ਭਰ 'ਚ ਫਿਲਹਾਲ 144 ਵੰਦੇ ਭਾਰਤ ਰੇਲਗੱਡੀਆਂ ਚਲ ਰਹੀਆਂ ਨੇ. ਇਹਨਾਂ ਤਿੰਨ ਰੇਲਗੱਡੀਆਂ ਦੇ ਜੁੜਨ ਨਾਲ ਦੇਸ਼ ਭਰ ਵਿਚ ਵੰਦੇ ਭਾਰਤ ਰੇਲ ਸੇਵਾਵਾਂ ਦੀ ਗਿਣਤੀ 150 ਹੋ ਜਾਏਗੀ.

---------------------------------------------------------

ਸਰਹੱਦ ਪਾਰੋਂ ਨਸ਼ਿਆਂ ਦੀ ਤਸਕਰੀ ਨੂੰ ਰੋਕਣ ਲਈ ਲੀਹੋਂ ਹਟਵੀਂ ਪਹਿਲਕਦਮੀ ਤਹਿਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ 'ਬਾਜ਼ ਅੱਖ' ਐਂਟੀ-ਡਰੋਨ ਪ੍ਰਣਾਲੀ ਨੂੰ ਤਰਨ – ਤਾਰਨ ਤੋਂ ਲਾਂਚ ਕੀਤਾ ਏ . ਇਸ ਪ੍ਰਣਾਲੀ ਨੂੰ ਲਾਂਚ ਕਰਨ ਨਾਲ  ਪੰਜਾਬ ਅੰਤਰਰਾਸ਼ਟਰੀ ਸਰਹੱਦ 'ਤੇ ਇਸ ਪ੍ਰਣਾਲੀ ਨੂੰ ਤਾਇਨਾਤ ਕਰਨ ਵਾਲਾ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਏ. ਮੁੱਖ ਮੰਤਰੀ ਨੇ ਕਿਹਾ ਕਿ ਤਿੰਨ ਐਂਟੀ-ਡਰੋਨ ਪ੍ਰਣਾਲੀਆਂ ਸ਼ੁਰੂ ਕੀਤੀਆਂ ਗਈਆਂ ਨੇ ਜੋ ਕਿ  ਸਰਹੱਦੀ ਸੁਰਖਿਆ ਬਲ ਨਾਲ ਤਾਲਮੇਲ ਕਰਕੇ ਵਰਤੀਆਂ ਜਾਣਗੀਆਂ, ਅਤੇ ਛੇ ਹੋਰ ਜਲਦ ਹੀ ਸ਼ੁਰੂ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਭਾਵੇਂ ਸਾਡੇ ਦੇਸ਼ ਦੀਆਂ ਹਥਿਆਰਬੰਦ ਫੌਜਾਂ ਅਤੇ BSF ਵਲੋਂ ਪਹਿਲਾਂ ਹੀ ਅਜਿਹੀਆਂ ਪ੍ਰਣਾਲੀਆਂ ਵਰਤੀਆਂ ਜਾ ਰਹੀਆਂ ਨੇ, ਪਰ ਪੰਜਾਬ ਦੇਸ਼ ਦਾ ਪਹਿਲਾ ਸੂਬਾ ਏ ਜਿਸ ਨੇ ਅੰਤਰਰਾਸ਼ਟਰੀ ਸਰਹੱਦ 'ਤੇ ਐਂਟੀ-ਡਰੋਨ ਸਿਸਟਮ ਤਾਇਨਾਤ ਕੀਤਾ ਏ । ਉਨ੍ਹਾਂ ਕਿਹਾ ਕਿ ਐਂਟੀ-ਡਰੋਨ ਪ੍ਰਣਾਲੀ ਸਰਹੱਦ ਪਾਰੋਂ ਨਸ਼ਾ ਸਪਲਾਈ ਕਰਨ ਵਾਲੇ ਤਸਕਰਾਂ ਨੂੰ ਸਖ਼ਤ ਜਵਾਬ ਦੇਵੇਗੀ । ਓਹਨਾਂ ਕਿਹਾ ਕਿ ਪਠਾਨਕੋਟ ਤੋਂ ਫਾਜ਼ਿਲਕਾ ਤੱਕ ਸਰਹੱਦ 'ਤੇ ਦੂਜੀ ਸੁਰੱਖਿਆ ਲਾਈਨ ਵਜੋਂ ਐਂਟੀ-ਡਰੋਨ ਪ੍ਰਣਾਲੀ ਤਾਇਨਾਤ ਕੀਤੀ ਜਾਵੇਗੀ – byte

ਉਨ੍ਹਾਂ ਕਿਹਾ ਕਿ ਪਾਕਿਸਤਾਨ ਨਾਲ ਪੰਜਾਬ ਦੀ 553 ਕਿਲੋਮੀਟਰ ਸਰਹੱਦ ਲੱਗਦੀ ਏ, ਜਿਸ ਨੂੰ ਨਸ਼ਿਆਂ ਅਤੇ ਹਥਿਆਰਾਂ ਦੀ ਤਸਕਰੀ ਲਈ ਸਭ ਤੋਂ ਸੰਵੇਦਨਸ਼ੀਲ ਇਲਾਕਿਆਂ ਵਿੱਚੋਂ ਇੱਕ ਮੰਨਿਆ ਜਾਂਦਾ ਏ. ਓਹਨਾਂ ਕਿਹਾ ਕਿ ਸਰਹੱਦੀ ਸੁਰੱਖਿਆ ਨੂੰ ਮਜ਼ਬੂਤ ਕਰਨ ਅਤੇ ਡਰੋਨ-ਅਧਾਰਤ ਤਸਕਰੀ ਤੋਂ ਪੈਦਾ ਹੋਈਆਂ ਚੁਣੌਤੀਆਂ ਨਾਲ ਨਜਿੱਠਣ ਲਈ ਅੰਤਰਰਾਸ਼ਟਰੀ ਸਰਹੱਦ 'ਤੇ 9 ਐਂਟੀ-ਡਰੋਨ ਯੂਨਿਟ ਕਾਇਮ ਕੀਤੇ ਜਾ ਰਹੇ ਨੇ. ਉਨ੍ਹਾਂ ਕਿਹਾ ਕਿ 2024 ਵਿੱਚ ਹੈਰੋਇਨ, ਹਥਿਆਰਾਂ ਅਤੇ ਗੋਲਾ ਬਾਰੂਦ ਨਾਲ ਲੱਦੇ ਕੁੱਲ 283 ਡਰੋਨ ਜ਼ਬਤ ਕੀਤੇ ਗਏ ਸਨ ਅਤੇ 2025 ਵਿੱਚ ਹੁਣ ਤੱਕ 137 ਡਰੋਨ ਬਰਾਮਦ ਕੀਤੇ ਜਾ ਚੁੱਕੇ ਨੇ. ਇਸ ਮੌਕੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਪੰਜਾਬ ਪੁਲਿਸ ਮੁਖੀ ਗੌਰਵ ਯਾਦਵ ਅਤੇ ਹੋਰ ਵੀ ਮੌਜੂਦ ਸਨ.

---------------------------------------------------

ਭੈਣ-ਭਰਾ ਦੇ ਪਿਆਰ ਨੂੰ ਦਰਸਾਉਂਦਾ ਰੱਖੜੀ ਦਾ ਤਿਉਹਾਰ ਅੱਜ ਦੇਸ਼ ਭਰ ਵਿੱਚ ਬੇਹਦ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਏ। ਇਸ ਦਿਨ ਭੈਣਾਂ ਆਪਣੇ ਭਰਾਵਾਂ ਦੇ ਗੁੱਟ 'ਤੇ ਰੱਖੜੀ ਬੰਨ੍ਹਦੀਆਂ ਨੇ ਅਤੇ ਓਹਨਾਂ ਦੀ ਲੰਮੀ ਉਮਰ ਲਈ ਪ੍ਰਾਰਥਨਾ ਕਰਦੀਆਂ ਨੇ. ਰੱਖੜੀ ਦੇ ਸ਼ੁਭ ਮੌਕੇ 'ਤੇ, ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਭਾਰਤ ਅਤੇ ਵਿਦੇਸ਼ਾਂ ਵਿੱਚ ਰਹਿਣ

ਵਾਲੇ ਸਾਰੇ ਨਾਗਰਿਕਾਂ ਨੂੰ ਆਪਣੀਆਂ ਨਿੱਘੀਆਂ ਸ਼ੁਭਕਾਮਨਾਵਾਂ ਦਿੱਤੀਆਂ ਨੇ. ਰਾਸ਼ਟਰਪਤੀ ਨੇ ਕਿਹਾ ਕਿ ਇਹ ਮੌਕਾ ਭਾਰਤ ਦੇ ਅਮੀਰ ਸੱਭਿਆਚਾਰਕ ਵਿਰਸੇ ਅਤੇ ਨੈਤਿਕ ਕਦਰਾਂ- ਕੀਮਤਾਂ ਨੂੰ ਸੁਰੱਖਿਅਤ ਰੱਖਣ ਦਾ ਵੀ ਇੱਕ ਮੌਕਾ ਏ ਅਤੇ ਇਹ ਔਰਤਾਂ ਦੇ ਅਧਿਕਾਰਾਂ ਦੀ ਰੱਖਿਆ ਅਤੇ ਉਨ੍ਹਾਂ ਦਾ ਸਤਿਕਾਰ ਕਰਨ ਦੇ ਦ੍ਰਿੜ ਇਰਾਦੇ ਨੂੰ ਹੋਰ ਮਜ਼ਬੂਤ ਕਰਦਾ ਏ। ਰਾਸ਼ਟਰਪਤੀ ਨੇ ਦੇਸ਼ ਵਾਸੀਆਂ ਨੂੰ ਇੱਕ ਖੁਸ਼ਹਾਲ ਦੇਸ਼ ਬਣਾਉਣ ਦੀ ਸਹੁੰ ਚੁੱਕਣ ਦੀ ਅਪੀਲ ਕੀਤੀ ਜਿੱਥੇ ਹਰ ਔਰਤ ਸੁਰੱਖਿਅਤ ਮਹਿਸੂਸ ਕਰੇ, ਅਤੇ ਦੇਸ਼ ਦੇ ਵਿਕਾਸ ਵਿੱਚ ਸਰਗਰਮੀ ਨਾਲ ਯੋਗਦਾਨ ਪਾ ਸਕੇ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵੀ ਰੱਖੜੀ ਦੇ ਤਿਉਹਾਰ 'ਤੇ ਦੇਸ਼ ਵਾਸੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਨੇ.

---

ਪੰਜਾਬ ‘ਚ ਵੀ ਰਖੜੀ ਦਾ ਤਿਉਹਾਰ ਖੁਸ਼ੀਆਂ ਨਾਲ ਮਨਾਇਆ ਜਾ ਰਿਹਾ ਏ. ਖਾਸ ਤੌਰ ‘ਤੇ ਸਾਡੀਆਂ ਸਰਹੱਦਾਂ ਦੇ ਪਹਿਰੇਦਾਰ, ਸਰਹੱਦੀ ਸੁਰੱਖਿਆ ਬਲ (BSF) ਦੇ ਜਵਾਨ ਵੀ ਆਪਣੇ ਘਰਾਂ ਤੋਂ ਦੂਰ ਡਿਊਟੀ ਕਰਦਿਆਂ ਇਹ ਤਿਉਹਾਰ ਮਨਾ ਰਹੇ ਨੇ.ਇੱਕ ਰਿਪੋਰਟ –BYTE

---

ਇਸ ਦੌਰਾਨ ਬਹੁਤ ਸਾਰੀਆਂ ਭੈਣਾਂ ਅਜਿਹੀਆਂ ਵੀ ਨੇ ਜੋ ਸਾਡੀਆਂ ਸਰਹੱਦਾਂ ਦੀ ਰਾਖੀ ਕਰਨ ਵਾਲੇ ਸਰਹੱਦੀ ਸੁਰਖਿਆ ਬਲ BSF ਦਾ ਹਿੱਸਾ ਹੋਣ ਕਰਕੇ ਡਿਉਟੀ ‘ਤੇ ਤਾਇਨਾਤ ਨੇ ਤੇ ਅੱਜ ਰੱਖੜੀ ਦੇ ਤਿਉਹਾਰ 'ਤੇ ਆਪਣੇ ਭਰਾਵਾਂ ਤੱਕ ਨਹੀਂ ਪਹੁੰਚ ਸਕੀਆਂ ਨੇ. ਇਸਲਈ, ਪਠਾਨਕੋਟ ਦੀ ਸ਼ਹੀਦ ਸੈਨਿਕ ਪਰਿਵਾਰ ਸੁਰੱਖਿਆ ਪ੍ਰੀਸ਼ਦ ਤੋਂ ਮੈਂਬਰ, ਪਠਾਨਕੋਟ ਦੀ ਭਾਰਤ-ਪਾਕਿਸਤਾਨ ਸਰਹੱਦ 'ਤੇ ਸਥਿਤ ਕਮਲਜੀਤ ਪੋਸਟ 'ਤੇ ਪਹੁੰਚੇ, ਅਤੇ BSF ਦੀਆਂ ਇਹਨਾਂ ਔਰਤ ਮੁਲਾਜ਼ਮਾਂ ਤੋਂ ਆਪਣੇ ਗੁੱਟ 'ਤੇ ਰੱਖੜੀ ਬੰਨ੍ਹਵਾਈ. BSF ਦੀਆਂ ਔਰਤ ਮੁਲਾਜ਼ਮਾਂ ਨੇ ਕਿਹਾ ਕਿ ਉਨ੍ਹਾਂ ਨੇ ਕਾਫੀ ਖੁਸ਼ੀ ਮਹਿਸੂਸ ਕੀਤੀ ਏ ਤੇ ਓਹਨਾਂ ਨੂੰ ਆਪਣੇ ਘਰ ਵਰਗਾ ਅਹਿਸਾਸ ਹੋਇਆ ਏ- byte –

-----------------------------------------------------

ਰਖੜੀ ਮੌਕੇ ਸੂਬੇ ਦੀਆਂ ਜੇਲ੍ਹਾਂ ‘ਚ ਬੰਦ ਕੈਦੀਆਂ ਲਈ ਵੀ ਇਹ ਤਿਉਹਾਰ ਮਨਾਉਣ ਲਈ ਖਾਸ ਪ੍ਰਬੰਧ ਕੀਤੇ ਗਏ . ਪਠਾਨਕੋਟ ਸਬ ਜੇਲ੍ਹ, ਫਰੀਦਕੋਟ ਦੀ ਮਾਡਰਨ ਜੇਲ, ਗੁਰਦਾਸਪੁਰ ਕੇਂਦਰੀ ਜੇਲ੍ਹ, ਤੇ ਜ਼ਿਲ੍ਹਾ ਜੇਲ੍ਹ ਮਾਨਸਾ,’ਚ ਵੀ ਰਖੜੀ ਦਾ ਤਿਉਹਾਰ ਮਨਾਇਆ ਗਿਆ.

-----------------------------------------------------

ਸਮਾਜ ਭਲਾਈ, ਮਹਿਲਾ ਅਤੇ ਬਾਲ ਵਿਕਾਸ ਵਿਭਾਗ, ਚੰਡੀਗੜ੍ਹ

ਪ੍ਰਸ਼ਾਸਨ ਨੇ NCC ਗਰੁੱਪ ਅਤੇ ਭਾਰਤ-ਤਿੱਬਤ ਸਰਹੱਦੀ ਪੁਲਿਸ ITBP ਦੇ ਸਹਿਯੋਗ ਨਾਲ, ਸਨੇਹਾਲਯ ਫੌਰ ਗਰਲਸ ਦੀਆਂ ਬੱਚੀਆਂ ਲਈ ਇੱਕ ਵਿਸ਼ੇਸ਼ ਰੱਖੜੀ ਸਮਾਰੋਹ ਕਰਾਇਆ ਤੇ ਨਾਲ ਹੀ ਹਰ ਘਰ ਤਿਰੰਗਾ ਮੁਹਿੰਮ ਦੇ ਮਹੱਤਵ ਨੂੰ ਵੀ ਉਜਾਗਰ ਕੀਤਾ।

---------------------------------------------------------------

- ਏਅਰ ਚੀਫ਼ ਮਾਰਸ਼ਲ A. P SINGH ਦਾ ਕਹਿਣਾ ਏ ਕਿ ਆਪ੍ਰੇਸ਼ਨ ਸਿੰਦੂਰ ਦੌਰਾਨ ਭਾਰਤ ਨੇ ਪੰਜ ਪਾਕਿਸਤਾਨੀ ਜੰਗੀ ਹਵਾਈ ਜਹਾਜ਼ਾਂ ਨੂੰ ਢੇਰ ਕਰ ਦਿੱਤਾ ਸੀ.
- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੱਜ ਕਾਕੋਰੀ ਘਟਨਾ ਦੇ ਕ੍ਰਾਂਤੀਕਾਰੀਆਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਏ।
- ਪ੍ਰਧਾਨ ਮੰਤਰੀ ਭਲਕੇ 10 ਅਗਸਤ ਨੂੰ ਸ੍ਰੀ ਮਾਤਾ ਵੈਸ਼ਨੋ ਦੇਵੀ ਕਟੜਾ – ਅੰਮ੍ਰਿਤਸਰ ਵੰਦੇ ਭਾਰਤ EXPRESS ਸਮੇਤ ਤਿੰਨ ਵੰਦੇ ਭਾਰਤ ਰੇਲਗੱਡੀਆਂ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕਰਨਗੇ.
- ਪੰਜਾਬ, ਅੰਤਰਰਾਸ਼ਟਰੀ ਸਰਹੱਦ 'ਤੇ ਐਂਟੀ-ਡਰੋਨ ਪ੍ਰਣਾਲੀ 'ਬਾਜ਼ ਅੱਖ' ਤਾਇਨਾਤ ਕਰਨ ਵਾਲਾ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਏ.

- ਭੈਣ-ਭਰਾ ਦੇ ਪਿਆਰ ਨੂੰ ਦਰਸਾਉਂਦਾ ਰੱਖੜੀ ਦਾ ਤਿਉਹਾਰ ਅੱਜ ਦੇਸ਼ ਭਰ ਵਿੱਚ ਬੇਹਦ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਏ। ਪੰਜਾਬ ‘ਚ ਖਾਸ ਤੌਰ ‘ਤੇ ਸਰਹੱਦ ‘ਤੇ ਤਾਇਨਾਤ BSF ਜਵਾਨਾਂ ਨਾਲ ਰਖੜੀ ਮਨਾਈ ਗਈ.

ਆਕਾਸ਼ਵਾਣੀ ਤੋਂ ਖਬਰਾਂ ਖਤਮ ਹੋਈਆਂ

ਖਬਰਾਂ ਦਾ ਅਗਲਾ ਰਾਸ਼ਟਰੀ ਬੁਲੇਟਿਨ ਤੁਸੀਂ ਸੁਣੋਗੇ

ਸ਼ਾਮ ਸਾਢੇ 7 ਵਜੇ . ਨਮਸਕਾਰ